# ਨਗਰ ਨਿਗਮ ਜਲੰਧਰ

## ਨੋਟਿਸ

ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ, ਚੰਡੀਗੜ੍ਹ ਵਲੋਂ ਇੱਕ ਅਧਿਸੂਚਨਾ ਨੰ: 5/76/2017/ਮਚਦ/ਹਸ/2940 ਮਿਤੀ 16.10.2017 ਰਾਹੀਂ ਨਗਰ ਨਿਗਮ, ਜਲੰਧਰ ਦੀ ਨਵੇਂ ਸਿਰਿਓਂ ਵਾਰਡਬੰਦੀ ਤਜ਼ਵੀਜ਼ ਕੀਤੀ ਗਈ ਹੈ । ਇਹ ਵਾਰਡਬੰਦੀ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976 ( ਪੰਜਾਬ ਐਕਟ ਨੰ: 42 ਆਫ 1976) ਦੀ ਧਾਰਾ 8 ਅਤੇ ਡੀਲਿਮੀਟੇਸ਼ਨ ਆਫ ਵਾਰਡਜ਼ ਆਫ ਮਿਉਂਸਪਲ ਕਾਰਪੋਰੇਸ਼ਨ ਆਡਰ, 1995 ਦੀ ਕਲਾਜ਼ 7 ਅਧੀਨ ਕੀਤੀ ਗਈ ਹੈ । ਇਸ ਵਾਰਡਬੰਦੀ/ਹਲਕਾਬੰਦੀ ਮੁਤਾਬਕ ਨਗਰ ਨਿਗਮ ਜਲੰਧਰ ਦੇ ਕੋਂਸਲਰਾਂ ਦੀ ਚੋਣ ਲਈ ਜਲੰਧਰ ਸ਼ਹਿਰ ਨੂੰ ਪਹਿਲੇ 60 ਵਾਰਡਾਂ ਦੀ ਥਾਂ 80 ਵਾਰਡਾਂ ਵਿੱਚ ਵੰਡਿਆ ਗਿਆ ਹੈ । ਨਵੀਂ ਵਾਰਡਬੰਦੀ ਦਾ ਨਕਸ਼ਾ ਅਤੇ ਉਸਦੇ ਵੇਰਵੇ ਨਗਰ ਨਿਗਮ ਦੇ ਦੂਜੀ ਮੰਜਲ ਤੇ ਸਥਿਤ ਮੀਟਿੰਗ ਹਾਲ ਵਿੱਚ ਰੱਖਵਾ ਦਿੱਤੇ ਗਏ ਹਨ । ਹਰ ਆਮ ਤੇ ਖਾਸ ਜ਼ੋ ਇਸ ਨਵੀਂ ਵਾਰਡਬੰਦੀ ਬਾਰੇ ਆਪਣਾ ਇਤਰਾਜ਼ ਜਾਂ ਸੁਝਾਓ ਦੇਣਾ ਚਾਹੁੰਦਾ ਹੋਵੇ ਤਾਂ ਇਸ ਸਬੰਧੀ 10 ਦਿਨਾਂ ਦੇ ਅੰਦਰ-ਅੰਦਰ ਕਮਿਸ਼ਨਰ, ਨਗਰ ਨਿਗਮ, ਜਲੰਧਰ ਦਫ਼ਤਰ ਜਾਂ ਮਿਉਂਸਪਲ ਟਾਊਨ ਪਲੈਨਰ, ਕਮਰਾ ਨੰ: 7, ਪਹਿਲੀ ਮੰਜ਼ਲ, ਡਾ:ਬੀ.ਆਰ.ਅੰਬੇਡਕਰ ਪ੍ਰਸ਼ਾਸਨਿਕ ਕੰਪਲੈਕਸ, ਨਹਿਰੂ ਗਾਰਡਨ, ਨਗਰ ਨਿਗਮ, ਜਲੰਧਰ, ਦਫ਼ਤਰ ਵਿਖੇ ਦੇ ਸਕਦਾ ਹੈ ।

ਸਹੀ/-<br>
(ਬਸੰਤ ਗਰਗ)<br>
ਆਈ.ਏ.ਐਸ.<br>
ਕਮਿਸ਼ਨਰ<br>
ਨਗਰ ਨਿਗਮ ਜਲੰਧਰ